ਪਹਿਲੀ ਵਾਰ ਸੰਧੀ 'ਤੇ 6 ਫਰਵਰੀ 1840 ਨੂੰ ਹਸਤਾਖ਼ਰ ਕੀਤੇ ਗਏ ਸਨ। ਇਹ ਮਾਓਰੀ ਭਾਸ਼ਾ ਵਿੱਚ ਲਿਖੀ ਗਈ ਸੀ ਅਤੇ ਇਸਦਾ ਨਾਮ ਹੈ **ਤੇ ਤ੍ਰਿਤੀ ਓ ਵੈਤਾਂਗੀ**। (ਪੰਜਾਬੀ) ਇੱਥੇ ਮੁੱਖ ਨੁਕਤੇ ਹਨ ਜੋ ਸਹਿਮਤ ਹੋਏ ਸਨ।

# ਤੇ ਤ੍ਰਿਤੀ ਓ ਵੈਤਾਂਗੀ ਦਾ ਸੰਖੇਪ

## ਭੂਮਿਕਾ

ਮਹਾਰਾਣੀ ਚਾਹੁੰਦੀ ਹੈ ਕਿ ਮਾਓਰੀ ਨੇਤਾ ਅਤੇ ਨਿਊਜ਼ੀਲੈਂਡ ਦੇ ਵਸਨੀਕ ਆਪਣੀ ਜ਼ਮੀਨ ਅਤੇ ਆਜ਼ਾਦੀ ਬਰਕਰਾਰ ਰੱਖਣ ਅਤੇ ਉਹ ਚਾਹੁੰਦੀ ਹੈ ਕਿ ਸਾਰੇ ਲੋਕ ਸ਼ਾਂਤੀ ਨਾਲ ਰਹਿਣ। ਇਹ ਸਮਝੌਤਾ ਰਾਣੀ ਦੇ ਲੋਕਾਂ ਲਈ ਇੱਕ ਸਰਕਾਰ ਬਣਾਉਣ ਲਈ ਹੈ ਜਿਹੜੇ ਨਿਊਜ਼ੀਲੈਂਡ ਵਿੱਚ ਹਨ ਅਤੇ ਭਵਿੱਖ ਵਿੱਚ ਆਉਣਗੇ।

## ਪਹਿਲਾਂ

ਮਾਓਰੀ ਨੇਤਾ ਇੰਗਲੈਂਡ ਦੀ ਰਾਣੀ ਨੂੰ ਨਿਊਜ਼ੀਲੈਂਡ ਵਿੱਚ ਗਵਰਨਰ ਰੱਖਣ ਦਾ ਅਧਿਕਾਰ ਦਿੰਦੇ ਹਨ।

## ਦੂਜਾ

ਰਾਣੀ ਇਸ ਗੱਲ ਨਾਲ ਸਹਿਮਤ ਹੈ ਕਿ ਮਾਓਰੀ ਆਪਣੀਆਂ ਸਾਰੀਆਂ ਜ਼ਮੀਨਾਂ ਅਤੇ ਉਹਨਾਂ ਲਈ ਹਰ ਮਹੱਤਵਪੂਰਨ ਚੀਜ਼ ਉੱਤੇ ਆਪਣੀ ਆਜ਼ਾਦੀ ਅਤੇ ਪ੍ਰਭੂਸੱਤਾ ਕਾਇਮ ਰੱਖਣ। ਮਾਓਰੀ ਨੇਤਾ ਰਾਣੀ ਨੂੰ ਜ਼ਮੀਨ ਦੇ ਟੁਕੜਿਆਂ ਨੂੰ ਸਹਿਮਤੀ ਵਾਲੀ ਕੀਮਤ ਉੱਤੇ ਖਰੀਦਣ ਦੀ ਇਜਾਜ਼ਤ ਦਿੰਦੇ ਹਨ ਜੇਕਰ ਮਾਲਕ ਇਸ ਨੂੰ ਵੇਚਣਾ ਚਾਹੁੰਦੇ ਹਨ।

## ਤੀਜਾ

ਮਹਾਰਾਣੀ ਮਾਓਰੀ ਲੋਕਾਂ ਦੀ ਦੇਖ ਭਾਲ ਕਰੇਗੀ ਅਤੇ ਉਹਨਾਂ ਨੂੰ ਇੰਗਲੈਂਡ ਦੇ ਲੋਕਾਂ ਵਾਂਗ ਹੀ ਅਧਿਕਾਰ ਪ੍ਰਦਾਨ ਕਰੇਗੀ।

## ਚੌਥਾ
(ਬੋਲਿਆ ਵਾਅਦਾ)

ਗਵਰਨਰ ਨਿਊਜ਼ੀਲੈਂਡ ਵਿੱਚ ਮਾਓਰੀ ਰੀਤੀ ਰਿਵਾਜਾਂ ਅਤੇ ਸਾਰੇ ਧਰਮਾਂ ਦੀ ਰੱਖਿਆ ਕਰਨ ਦਾ ਵਾਅਦਾ ਕਰਦਾ ਹੈ।

## TE TIRITI O WAITANGI

# ਤੇ ਤ੍ਰਿਤੀ ਓ ਵੈਤਾਂਗੀ ਦਾ ਸੰਖੇਪ

ਪਹਿਲੀ ਵਾਰ ਸੰਧੀ 'ਤੇ 6 ਫਰਵਰੀ 1840 ਨੂੰ ਹਸਤਾਖ਼ਰ ਕੀਤੇ ਗਏ ਸਨ। ਇਹ ਮਾਓਰੀ ਭਾਸ਼ਾ ਵਿੱਚ ਲਿਖੀ ਗਈ ਸੀ ਅਤੇ ਇਸਦਾ ਨਾਮ ਹੈ **ਤੇ ਤ੍ਰਿਤੀ ਓ ਵੈਤਾਂਗੀ**। (ਪੰਜਾਬੀ) ਇੱਥੇ ਮੁੱਖ ਨੁਕਤੇ ਹਨ ਜੋ ਸਹਿਮਤ ਹੋਏ ਸਨ।

## ਭੂਮਿਕਾ

ਮਹਾਰਾਣੀ ਚਾਹੁੰਦੀ ਹੈ ਕਿ ਮਾਓਰੀ ਨੇਤਾ ਅਤੇ ਨਿਊਜ਼ੀਲੈਂਡ ਦੇ ਵਸਨੀਕ ਆਪਣੀ ਜ਼ਮੀਨ ਅਤੇ ਆਜ਼ਾਦੀ ਬਰਕਰਾਰ ਰੱਖਣ ਅਤੇ ਉਹ ਚਾਹੁੰਦੀ ਹੈ ਕਿ ਸਾਰੇ ਲੋਕ ਸ਼ਾਂਤੀ ਨਾਲ ਰਹਿਣ। ਇਹ ਸਮਝੌਤਾ ਰਾਣੀ ਦੇ ਲੋਕਾਂ ਲਈ ਇੱਕ ਸਰਕਾਰ ਬਣਾਉਣ ਲਈ ਹੈ ਜਿਹੜੇ ਨਿਊਜ਼ੀਲੈਂਡ ਵਿੱਚ ਹਨ ਅਤੇ ਭਵਿੱਖ ਵਿੱਚ ਆਉਣਗੇ।

## ਪਹਿਲਾਂ KO TE TUATAHI

ਮਾਓਰੀ ਨੇਤਾ ਇੰਗਲੈਂਡ ਦੀ ਰਾਣੀ ਨੂੰ ਨਿਊਜ਼ੀਲੈਂਡ ਵਿੱਚ ਗਵਰਨਰ ਰੱਖਣ ਦਾ ਅਧਿਕਾਰ ਦਿੰਦੇ ਹਨ।

## ਦੂਜਾ KO TE TUARUA

ਰਾਣੀ ਇਸ ਗੱਲ ਨਾਲ ਸਹਿਮਤ ਹੈ ਕਿ ਮਾਓਰੀ ਆਪਣੀਆਂ ਸਾਰੀਆਂ ਜ਼ਮੀਨਾਂ ਅਤੇ ਉਹਨਾਂ ਲਈ ਹਰ ਮਹੱਤਵਪੂਰਨ ਚੀਜ਼ ਉੱਤੇ ਆਪਣੀ ਆਜ਼ਾਦੀ ਅਤੇ ਪ੍ਰਭੂਸੱਤਾ ਕਾਇਮ ਰੱਖਣ। ਮਾਓਰੀ ਨੇਤਾ ਰਾਣੀ ਨੂੰ ਜ਼ਮੀਨ ਦੇ ਟੁਕੜਿਆਂ ਨੂੰ ਸਹਿਮਤੀ ਵਾਲੀ ਕੀਮਤ ਉੱਤੇ ਖਰੀਦਣ ਦੀ ਇਜਾਜਤ ਦਿੰਦੇ ਹਨ ਜੇਕਰ ਮਾਲਕ ਇਸ ਨੂੰ ਵੇਚਣਾ ਚਾਹੁੰਦੇ ਹਨ।

## ਤੀਜਾ KO TE TUATORU

ਮਹਾਰਾਣੀ ਮਾਓਰੀ ਲੋਕਾਂ ਦੀ ਦੇਖ ਭਾਲ ਕਰੇਗੀ ਅਤੇ ਉਹਨਾਂ ਨੂੰ ਇੰਗਲੈਂਡ ਦੇ ਲੋਕਾਂ ਵਾਂਗ ਹੀ ਅਧਿਕਾਰ ਪ੍ਦਾਨ ਕਰੇਗੀ।

## ਚੌਥਾ (ਬੋਲਿਆ ਵਾਅਦਾ)

ਗਵਰਨਰ ਨਿਊਜ਼ੀਲੈਂਡ ਵਿੱਚ ਮਾਓਰੀ ਰੀਤੀ ਰਿਵਾਜਾਂ ਅਤੇ ਸਾਰੇ ਧਰਮਾਂ ਦੀ ਰੱਖਿਆ ਕਰਨ ਦਾ ਵਾਅਦਾ ਕਰਦਾ ਹੈ।

# ਵੈਤਾਂਗੀ ਦੀ ਸੰਧੀ - ਮਾਓਰੀ ਅਤੇ ਅੰਗਰੇਜ਼ੀ ਦਸਤਾਵੇਜ਼ ਵਿੱਚ ਅੰਤਰ

**ਇਹ ਪੰਨਾ ਹਰੇਕ ਦਸਤਾਵੇਜ਼ ਦੇ ਮੁੱਖ ਨੁਕਤੇ ਦਰਸਾਉਂਦਾ ਹੈ**

| | ਤੇ ਤ੍ਰਿਤੀ ਓ ਵੈਤਾਂਗੀ | ਅੰਗਰੇਜ਼ੀ ਦਸਤਾਵੇਜ਼ |
|---|---|---|
| **ਲੇਖ ੧** | ਮਾਓਰੀ ਨੇਤਾ ਇੰਗਲੈਂਡ ਦੀ ਰਾਣੀ ਨੂੰ ਨਿਊਜ਼ੀਲੈਂਡ ਵਿੱਚ ਗਵਰਨਰ ਰੱਖਣ ਦਾ ਅਧਿਕਾਰ ਦਿੰਦੇ ਹਨ। | ਮਾਓਰੀ ਨੇਤਾ ਸਾਰੇ ਨਿਊਜ਼ੀਲੈਂਡ ਉੱਤੇ ਮਹਾਰਾਣੀ ਨੂੰ ਪ੍ਰਭੁਸੱਤਾ ਦਿੰਦੇ ਹਨ । |
| **ਲੇਖ ੨** | ਰਾਣੀ ਇਸ ਗੱਲ ਨਾਲ ਸਹਿਮਤ ਹੈ ਕਿ ਮਾਓਰੀ ਆਪਣੀਆਂ ਸਾਰੀਆਂ ਜ਼ਮੀਨਾਂ ਅਤੇ ਉਹਨਾਂ ਲਈ ਹਰ ਮਹੱਤਵਪੂਰਨ ਚੀਜ਼ ਉੱਤੇ ਆਪਣੀ ਆਜ਼ਾਦੀ ਅਤੇ ਪ੍ਰਭੁਸੱਤਾ ਕਾਇਮ ਰੱਖਦੇ ਹਨ ।<br>ਮਾਓਰੀ ਨੇਤਾ ਰਾਣੀ ਨੂੰ ਜ਼ਮੀਨ ਦੇ ਟੁਕੜਿਆਂ ਨੂੰ ਸਹਿਮਤੀ ਵਾਲੀ ਕੀਮਤ ਉਤੇ ਖਰੀਦਣ ਦੀ ਇਜਾਜਤ ਦਿੰਦੇ ਹਨ ਜੇਕਰ ਮਾਲਕ ਇਸ ਨੂੰ ਵੇਚਣਾ ਚਾਹੁੰਦੇ ਹਨ । | ਰਾਣੀ ਸਾਰੇ ਮਾਓਰੀ ਨੂੰ ਜ਼ਮੀਨ ਜੰਗਲ ਅਤੇ ਮੱਛੀ ਫੜਨ ਦੇ ਅਧਿਕਾਰ ਦੀ ਗਾਰੰਟੀ ਦਿੰਦੀ ਹੈ। ਜੇਕਰ ਮਾਓਰੀ ਜ਼ਮੀਨ ਵੇਚਣਾ ਚਾਹੁੰਦੇ ਹਨ ਤਾਂ ਉਹ ਇਸ ਨੂੰ ਸਿਰਫ਼ ਰਾਣੀ ਨੂੰ ਹੀ ਵੇਚਣਗੇ । |
| **ਲੇਖ ੩** | ਮਹਾਰਾਣੀ ਮਾਓਰੀ ਲੋਕਾਂ ਨੂੰ ਬ੍ਰਿਟਿਸ਼ ਪ੍ਰਜਾ ਵਾਂਗ ਹੀ ਅਧਿਕਾਰ ਪ੍ਰਧਾਨ ਕਰੇਗੀ । | ਮਹਾਰਾਣੀ ਮਾਓਰੀ ਲੋਕਾਂ ਨੂੰ ਬ੍ਰਿਟਿਸ਼ ਪ੍ਰਜਾ ਵਾਂਗ ਹੀ ਅਧਿਕਾਰ ਪ੍ਰਧਾਨ ਕਰੇਗੀ । |
| **ਲੇਖ ੪ (ਬੋਲਿਆ ਵਾਅਦਾ)** | ਗਵਰਨਰ ਨਿਊਜ਼ੀਲੈਂਡ ਵਿੱਚ ਮਾਓਰੀ ਰੀਤੀ ਰਿਵਾਜਾਂ ਅਤੇ ਸਾਰੇ ਧਰਮਾਂ ਦੀ ਰੱਖਿਆ ਕਰਨ ਦਾ ਵਾਅਦਾ ਕਰਦਾ ਹੈ । | |

# ਅਸਲ ਵਿੱਚ ਸੰਧੀ ਕਿਹੜੀ ਹੈ ?

| ਤੇ ਤ੍ਰਿਤੀ ਓ ਵੈਤਾਂਗੀ | ਅੰਗਰੇਜ਼ੀ ਦਸਤਾਵੇਜ਼ |
|---|---|
| 503 ਮਾਓਰੀ ਨੇਤਾਵਾਂ ਦੁਆਰਾ ਦਸਤਖਤ ਕੀਤੇ ਗਏ ਅਤੇ ਰਾਣੀ ਦੀ ਤਰਫੋਂ ਬ੍ਰਿਟਿਸ਼ ਗਵਰਨਰ ਦੁਆਰਾ । | 39 ਮਾਓਰੀ ਨੇਤਾਵਾਂ ਦੁਆਰਾ ਦਸਤਖਤ ਕੀਤੇ ਗਏ । |
| ਇਹ ਸੰਧੀ ਅੰਤਰਰਾਸ਼ਟਰੀ ਕਾਨੂੰਨ ਦੁਆਰਾ ਮਾਨਤਾ ਪ੍ਰਾਪਤ ਹੈ । ਅੰਤਰਰਾਸ਼ਟਰੀ ਕਾਨੂੰਨ ਇੱਕ ਨਿਯਮ ਦੇ ਤਹਿਤ ਮਾਓਰੀ ਪਾਠ ਨੂੰ ਪਹਿਲ ਦਿੰਦਾ ਹੈ ਜਿਸ ਨੂੰ *contra proferentem* ਕਿਹਾ ਜਾਂਦਾ ਹੈ। ਇਸਦਾ ਮਤਲਬ ਹੈ ਕਿ ਜਦੋਂ ਕੋਈ ਇਕਰਾਰਨਾਮਾ ਸਪੱਸ਼ਟ ਨਹੀਂ ਹੁੰਦਾ ਹੈ ਤਾਂ ਇਸ ਦੀ ਵਿਆਖਿਆ ਉਸ ਪਾਰਟੀ ਦੇ ਵਿਰੁੱਧ ਕੀਤੀ ਜਾਣੀ ਚਾਹੀਦੀ ਹੈ ਜਿਸ ਨੇ ਇਕਰਾਰਨਾਮਾ ਪੇਸ਼ ਕੀਤਾ ਸੀ । | ਇਹ ਉਹ ਸੰਧੀ ਹੈ ਜੋ ਬ੍ਰਿਟੇਨ ਚਾਹੁੰਦਾ ਸੀ ।<br>ਨਿਊਜ਼ੀਲੈਂਡ ਸਰਕਾਰ ਨੇ ਇਸ ਸੰਸਕਰਣ ‘ਤੇ ਆਪਣਾ ਅਧਿਕਾਰ ਆਧਾਰਿਤ ਕੀਤਾ ਹੈ । |
| ਇਹ ਸੰਧੀ ਨਿਊਜ਼ੀਲੈਂਡ ਵਿੱਚ ਮਾਓਰੀ ਪ੍ਰਭੁਸੱਤਾ ਨੂੰ ਮਾਨਤਾ ਦਿੰਦੀ ਹੈ। | ਇਹ ਸੰਸਕਰਣ ਕਹਿੰਦਾ ਹੈ ਕਿ ਮਾਓਰੀ ਰਾਣੀ ਨੂੰ ਪ੍ਰਭੁਸੱਤਾ ਦਿੰਦੇ ਹਨ । |

# ਨਿਊਜ਼ੀਲੈਂਡ ਵਿੱਚ ਹਰ ਕਿਸੇ ਲਈ ਵੇਟਾਂਗੀ ਦੀ ਸੰਧੀ ਮਹੱਤਵਪੂਰਨ ਕਿਉਂ ਹੈ?

ਮਾਓਰੀ ਆਟੋਏਰੋਆ/ਨਿਊਜ਼ੀਲੈਂਡ ਦੇ ਪਹਿਲੇ ਲੋਕ ਹਨ। ਉਹ ਆਪਣੇ ਆਪ ਨੂੰ tangata whenua (ਟਾਂਗਾਟਾ ਵਹੇਨੁਆ) ਕਹਿੰਦੇ ਹਨ – ਧਰਤੀ ਦੇ ਲੋਕ।

ਵੇਤਾਂਗੀ ਦੀ ਸੰਧੀ ਮਾਓਰੀ ਭਾਸ਼ਾ ਵਿੱਚ ਲਿਖੀ ਗਈ ਹੈ, ਅਤੇ ਇਸਨੂੰ Te Tiriti o Waitangi (ਤੇ ਤ੍ਰਿਤੀ ਓ ਵੇਤਾਂਗੀ) ਕਿਹਾ ਜਾਂਦਾ ਹੈ।

ਵੇਤਾਂਗੀ ਦੀ ਸੰਧੀ ਵਿੱਚ, ਮਾਓਰੀ ਲੋਕਾਂ ਨੇ ਨਵੇਂ ਆਏ ਲੋਕਾਂ ਨੂੰ ਇੱਥੇ ਵਸਣ ਦੀ ਇਜਾਜ਼ਤ ਦਿੱਤੀ, ਜਦੋਂ ਤੱਕ ਵਸਨੀਕ ਮਾਓਰੀ ਪ੍ਰਭੂਸੱਤਾ, ਜ਼ਮੀਨ, ਭਾਸ਼ਾ ਅਤੇ ਸੱਭਿਆਚਾਰ ਦਾ ਸਤਿਕਾਰ ਕਰਨਗੇ।

ਅਸੀਂ ਸਾਰੇ ਜੋ ਇੱਥੇ ਵਸ ਗਏ ਹਾਂ, ਆਪਣੇ ਆਪ ਨੂੰ ਬੁਲਾ ਸਕਦੇ ਹਾਂ tangata tiriti (ਟੰਗਤਾ ਤਿਰਤਿ) – ਸੰਧੀ ਦੇ ਲੋਕ।

ਇਸ ਲਈ ਸਾਨੂੰ ਵੇਤਾਂਗੀ ਦੀ ਸੰਧੀ ਸਮਝਣ ਦੀ ਲੋੜ ਹੈ ਅਤੇ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ।

## ਕੀ ਤੁਸੀਂ ਵੇਤਾਂਗੀ ਦੀ ਸੰਧੀ ਬਾਰੇ ਹੋਰ ਜਾਣਨਾ ਚਾਹੁੰਦੇ ਹੋ?

treatypeople@gmail.com ਤੇ ਸੰਪਰਕ ਕਰੋ ਵੇਟਾਂਗੀ ਦੀ ਸੰਧੀ ਬਾਰੇ ਤੁਹਾਡੇ ਭਾਈਚਾਰੇ ਲਈ ਇੱਕ ਸਿੱਖਿਆ ਦਿਵਸ ਬੁੱਕ ਕਰਨ ਲਈ।

## ਪੰਜਾਬੀ ਵਿੱਚ ਸੰਧੀ ਦਾ ਸੰਖੇਪ ਡਾਊਨਲੋਡ ਕਰੋ

www.treatypeople.org/languages










ਆਪਣੇ ਭਾਈਚਾਰੇ ਲਈ ਪ੍ਰਿੰਟ ਕੀਤੇ ਪੋਸਟਰਾਂ ਦਾ ਸੈੱਟ ਮੰਗਵਾਉਣ ਲਈ ਸਾਨੂੰ ਈਮੇਲ ਕਰੋ

treatypeople@gmail.com

**TREATY**
**FOR EVERYONE**

Te Tiriti o Waitangi | Punjabi

# ਵੇਤਾਂਗੀ ਦੀ ਸੰਧੀ ਸਾਡੀ ਭਾਸ਼ਾ ਵਿੱਚ



ਪੰਜਾਬੀ ਅਤੇ ਹੋਰ ਭਾਸ਼ਾਵਾਂ ਵਿੱਚ ਵੇਤਾਂਗੀ ਦੀ ਸੰਧੀ ਬਾਰੇ ਜਾਣੋ- ਭਾਈਚਾਰਿਆਂ, ਸਕੂਲ ਅਤੇ ਪਰਿਵਾਰਾਂ ਲਈ

ਵਰਕਸ਼ਾਪ | ਵੀਡੀਓਜ਼ | ਡਾਊਨਲੋਡ

Tangata Tiriti - Treaty People Education Programme